**ਦਫਤਰ ਸਕੱਤਰ, ਉਚੇਰੀ ਸਿੱਖਿਆ (ਪੰਜਾਬ)**

**ਈ-ਬਲਾਕ, ਤੀਸਰੀ ਮੰਜਿਲ, ਪੰਜਾਬ ਸਕੂਲ ਸਿੱਖਿਆ ਬੋਰਡ ਬਿਲਡਿੰਗ, ਫੇਜ-8, ਮੋਹਾਲੀ**

ਵੱਲ

ਪ੍ਰਿੰਸੀਪਲਜ
ਸਮੂਹ ਸਰਕਾਰੀ ਕਾਲਜ, ਪੰਜਾਬ

ਮੀਮੋ ਨੰ: 815-2021/RUSA/03
ਮਿਤੀ: ਮੋਹਾਲੀ: 04-01-2022

ਵਿਸ਼ਾ:- **ਸਰਕਾਰੀ ਕਾਲਜਾਂ ਵਿੱਚ ਉਪਲਬਧ ਫੰਡਾਂ ਦੀ ਸੁਚੱਜੀ ਵਰਤੋਂ ਕਰਨ ਸਬੰਧੀ ਦਿਸ਼ਾ ਨਿਰਦੇਸ਼।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ

2.0 ਪੰਜਾਬ ਰਾਜ ਦੇ ਸਰਕਾਰੀ ਕਾਲਜਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਕਾਲਜ ਇਮਾਰਤਾਂ ਨੂੰ ਸੁੰਦਰ ਅਤੇ ਆਕਰਸ਼ਕ ਦਿੱਖ ਦੇਣ ਲਈ ਵਿਭਾਗ ਵੱਲੋਂ ਮੋਹਿੰਮ ਚਲਾਈ ਗਈ ਹੈ। ਜਿਸ ਤਹਿਤ ਵੱਖ ਵੱਖ ਮੀਟਿੰਗਾਂ ਵਿੱਚ ਕਾਲਜ ਪ੍ਰਿੰਸੀਪਲਜ ਅਤੇ ਡੀ ਡੀ ਓਜ ਵੱਲੋਂ ਸੁਝਾਵ ਪ੍ਰਾਪਤ ਹੋਏ ਹਨ ਜਿਨ੍ਹਾਂ ਵਿੱਚ ਮੰਗ ਕੀਤੀ ਗਈ ਹੈ ਕਿ ਕਾਲਜਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਦਿੱਖ ਸੁਧਾਰਨ ਲਈ ਕਾਲਜਾਂ ਵਿੱਚ ਹੀ ਉਪਲਬਧ ਵੱਖ ਵੱਖ ਫੰਡਾਂ (ਅਮਾਲਗਾਮੇਟਿਡ ਫੰਡ, ਸਟੂਡੈਂਟ ਵੈਲਫੇਅਰ ਫੰਡਜ, ਇਨਫਰਾਸਟਰਕਚਰ ਗ੍ਰਾਂਟ ਟੂ ਕਾਲਜਿਜ, ਇਕਵਿਟੀ ਇਨੀਸੀਏਟਿਵ, ਯੂਨੀਵਰਸਿਟੀ ਫੰਡ ਅਤੇ ਸਕਿੱਲ ਡਿਵੈਲਪਮੈਂਟ ਫੰਡ) ਆਦਿ ਵਿੱਚ ਉਪਲਬਧ ਰਾਸੀ ਨੂੰ ਖਰਚ ਕਰਨ ਦੀ ਵਿਭਾਗ ਵੱਲੋਂ ਪ੍ਰਵਾਨਗੀ ਦਿੱਤੀ ਜਾਵੇ।

3.0 ਪ੍ਰਿੰਸੀਪਲਜ ਵੱਲੋਂ ਮੀਟਿੰਗਾਂ ਵਿੱਚ ਇਹ ਵੀ ਸੁਝਾਅ ਦਿੱਤਾ ਗਿਆ ਕਿ ਫੰਡਾਂ ਦੀ ਵਰਤੋਂ ਕਰਦੇ ਸਮੇਂ ਪਾਰਦਰਸ਼ਤਾ ਬਣਾਈ ਰੱਖਣ ਲਈ ਕਾਲਜ ਮੈਨੇਜਮੈਂਟ ਕਮੇਟੀ ਰਾਹੀਂ ਪ੍ਰਵਾਨ ਕੀਤੇ ਮਤਿਆਂ ਅਧੀਨ ਉਕਤ ਫੰਡਾਂ ਵਿੱਚ ਉਪਲਬਧ ਰਾਸ਼ੀ ਖਰਚ ਕੀਤੀ ਜਾਵੇ ਜਿਸ ਨਾਲ ਸਮੁਦਾਇ ਦੀ ਕਾਲਜਾਂ ਵਿੱਚ ਸਮੂਲੀਅਤ ਵੀ ਹੋਵੇਗੀ ਅਤੇ ਫੰਡਾਂ ਦੀ ਵਾਜਿਬ ਵਰਤੋਂ ਵੀ ਯਕੀਨੀ ਬਣੇਗੀ।

4.0 ਉਕਤ ਸੁਝਾਵਾਂ ਦੇ ਸਨਮੁੱਖ ਵਿਭਾਗ ਵੱਲੋਂ ਕਾਲਜ ਡਿਵੈਲਪਮੈਂਟ ਪਲਾਨ ਤਿਆਰ ਕਰਵਾਈ ਗਈ। ਜਿਸ ਤਹਿਤ ਪਹਿਲੇ ਫੇਜ ਵਿੱਚ ਕਾਲਜ ਮੈਨੇਜਮੈਂਟ ਕਮੇਟੀ ਦੀ ਦੇਖ ਰੇਖ ਵਿੱਚ ਹੇਠ ਲਿਖੇ ਕੰਮ ਕਰਵਾਏ ਜਾ ਸਕਦੇ ਹਨ:-

i. ਕਾਲਜ ਵਿੱਚ ਪੇਂਟ ਦਾ ਕੰਮ

ii. ਕਾਲਜ ਵਿੱਚ ਮੌਜੂਦਾ ਕਮਰਿਆਂ ਅਤੇ ਬਰਾਂਡਿਆਂ ਦੀ ਫਲੋਰਿੰਗ ਦਾ ਕੰਮ

iii. ਪੁਰਾਣੇ ਫਰਨੀਚਰ ਦੀ ਰਿਪੇਅਰ

iv. ਕਾਲਜ ਵਿੱਚ ਟਾਇਲਟਜ ਦੀ ਰਿਪੇਅਰ

v. ਪੀਣ ਵਾਲੇ ਪਾਣੀ ਸੁਵਿਧਾ ਦਾ ਰੱਖ ਰਖਾਵ

vi. ਕਲਾਸਰੂਮਜ ਅਤੇ ਲੈਬਜ ਵਿੱਚ ਗਰੀਨ ਬੋਰਡ ਲਗਾਉਣੇ

10

5.0 ਉਕਤ ਕੰਮਾਂ ਨੂੰ ਕਰਵਾਉਣ ਲਈ ਹੇਠ ਲਿਖੇ ਅਨੁਸਾਰ ਦਿਸ਼ਾ ਨਿਰਦੇਸ਼ ਜਾਰੀ ਕੀਤੇ ਜਾਂਦੇ ਹਨ:-

**1) ਪੇਂਟ ਦਾ ਕੰਮ:-**

**ਰੇਟ - ਉੱਕਾ ਪੁੱਕਾ 5 ਰੁਪਏ ਪ੍ਰਤੀ ਸਕੇਅਰ ਫੁੱਟ**

**ਅੰਦਰੂਨੀ ਪੇਂਟ ਦੀਆਂ ਸਪੈਸੀਫੀਕੇਸ਼ਨਜ -**

1) ਪੱਤੀ ਨਾਲ ਪਹਿਲਾਂ ਤੋਂ ਹੋਏ ਪੇਂਟ ਅਤੇ ਕਲੀ ਨੂੰ ਛਿੱਲ ਕੇ ਉਤਾਰ ਲਿਆ ਜਾਵੇ।
2) ਦੀਵਾਰ ਦੀ ਸਥਿਤੀ ਅਨੁਸਾਰ ਬਿਰਲਾ ਪੁੱਟੀ, ਜੇਕੇ ਵਾਲ ਪੁੱਟੀ ਜਾਂ ਇਕਵਿਲੈਂਟ ਪੁੱਟੀ ਦੇ ਘੱਟੋ ਘੱਟ ਦੋ ਕੋਟ ਲਗਾਏ ਜਾਣ।
3) ਵਾਲ ਪੁੱਟੀ ਦੀ ਕੋਟਿੰਗ ਤੋਂ ਬਾਅਦ ਰੇਗਮਾਰ ਲਗਵਾਇਆ ਜਾਵੇ।
4) ਇਸ ਉਪਰੰਤ Burger, Nerolac, Asian, Tractor Sparc Emulsion ਜਾਂ ਇਸ ਪੱਧਰ ਦਾ ਕੋਈ ਹੋਰ ਬ੍ਰਾਂਡ ਦਾ ਵਾਟਰ ਪ੍ਰਾਈਮਰ ਲਗਾਇਆ ਜਾਵੇ।
5) ਇਸ ਉਪਰੰਤ Asian paint, Ace Sparc ਜਾਂ Nippon ਦਾ shogun ਜਾਂ ਫੇਜ Dulux ਦਾ promise ਜਾਂ ਕੋਈ ਵੀ ਇਕਵਿਲੈਂਟ ਕੁਆਲਿਟੀ ਦਾ emulsion ਦਾ ਰੰਗ ਪਾਕੇ ਲੋੜ ਅਨੁਸਾਰ ਘੱਟ ਤੋਂ ਘੱਟ ਦੋ ਕੋਟ ਲਗਾਏ ਜਾਣ।
6) ਲੱਕੜ ਦੀਆਂ ਬਾਰੀਆਂ ਅਤੇ ਦਰਵਾਜਿਆਂ ਤੇ ਜੇਕਰ ਤਰੇੜਾਂ ਹੋਣ ਤਾਂ ਪਹਿਲਾਂ ਚਾਕ ਮਿੱਟੀ ਭਰੀ ਜਾਵੇ ਅਤੇ ਫੇਰ ਬ੍ਰਾਂਡਡ ਪੇਟ ਦੇ ਵੂਡ ਪ੍ਰਾਈਮਰ ਦਾ ਘੱਟੋ ਘੱਟ ਇੱਕ ਕੋਟ ਅਤੇ ਵੂੱਡ ਇਨੈਮਲ ਦੇ ਘੱਟੋ ਘੱਟ ਦੋ ਕੋਟ ਕੀਤੇ ਜਾਣ।

**(ਬਾਹਰੀ ਪੇਂਟ)**

1) ਇੱਟਾਂ ਵਾਲੀ ਦੀਵਾਰ ਤੇ ਜੇਕਰ ਪਲੱਸਤਰ ਕਰਨਾ ਸੰਭਵ ਨਹੀਂ ਹੈ ਤਾਂ ਬ੍ਰਾਂਡਡ ਕੰਪਨੀ ਦਾ ਸਮੋਸਮ ਲਗਾਇਆ ਜਾਵੇ।
2) ਜਿਨ੍ਹਾਂ ਦੀਵਾਰਾਂ ਤੇ ਪਲਸਤਰ ਹੋਇਆ ਹੈ ਉਨ੍ਹਾਂ ਤੇ ਪੱਤੀ ਮਾਰ ਕੇ ਸਾਫ ਕਰਨ ਉਪਰੰਤ ਰੇਗਮਾਰ ਲਗਾਇਆ ਜਾਵੇ।
3) ਫਿਰ ਵਾਲ ਵਾਲੀ ਪੁੱਟੀ ਦਾ ਕੋਟ ਲਗਾਉਣ ਉਪਰੰਤ ਪ੍ਰਾਈਮਰ ਦਾ ਇੱਕ ਕੋਟ ਲਗਾਇਆ ਜਾਵੇ।
4) ਇਸ ਉਪਰੰਤ ਪਲਾਸਟਿਕ Ace Sparc Emulsion ਦਾ ਰੰਗ ਪਾਕੇ ਲੋੜ ਅਨੁਸਾਰ ਘੱਟੋ ਘੱਟ ਦੋ ਕੋਟ ਲਗਾਏ ਜਾਣ।

**2) ਫਲੋਰਿੰਗ ਦਾ ਕੰਮ (ਰੇਟ - 60 ਰੁਪਏ ਪ੍ਰਤੀ ਸਕੇਅਰ ਫੁੱਟ (Tile+ Labour+ Material)**

1) ਟਾਇਲਾਂ ਲਗਾਉਣ ਤੋਂ ਪਹਿਲਾਂ ਰੇਤ ਅਤੇ ਲਾਲ ਰੋੜੀ ਜਾਂ ਗਟਕਾ ਪਾ ਕੇ ਜਮੀਨ ਨੂੰ ਸਮਤਲ ਕਰ ਲਿਆ ਜਾਵੇ।

2) ਜੇਕਰ ਪਹਿਲਾਂ ਪਏ ਫਰਸ਼ ਤੇ ਟਾਇਲਾਂ ਲਗਾਉਣੀਆਂ ਹਨ ਤਾਂ ਫਰਸ਼ ਉਪਰ ਟੱਕ ਜਰੂਰ ਲਗਵਾਏ ਜਾਣ ਅਤੇ ਨੇਰੂ ਪਾ ਕੇ ਮਸਾਲਾ ਵਿਛਾਇਆ ਜਾਵੇ।

3) ਜੇਕਰ ਕਮਰਿਆਂ ਦਾ ਫਰਸ਼ ਮਿੱਟੀ ਵਾਲਾ ਹੈ ਤਾਂ ਟਾਇਲ ਲਗਵਾਉਣ ਤੋਂ ਪਹਿਲਾਂ ਇੱਟਾਂ ਵਾਲੀ ਰੋੜੀ ਜਰੂਰ ਪਾ ਲਈ ਜਾਵੇ। ਇਸ ਵਾਸਤੇ ਕਾਲਜ ਵਿੱਚ ਪਈਆਂ ਪੁਰਾਣੀਆਂ ਇੱਟਾਂ ਦਾ ਇਸਤੇਮਾਲ ਕੀਤੀਆਂ ਜਾ ਸਕਦੀਆਂ ਹਨ।

4) ਟਾਇਲ ਵਿਟਰੀਡਾਇਡ ਐਂਟੀਸਕਿਡ ਡਬਲ ਚਾਰਜਡ ਵਧੀਆ ਕੁਆਲਟੀ ਦੀ ਹੋਣੀ ਚਾਹੀਦੀ ਹੈ।

5) ਟਾਇਲ ਦਾ ਸਾਇਜ ਘੱਟੋ ਘੱਟ 2"*2" ਹੋਣਾ ਚਾਹੀਦਾ ਹੈ।

6) ਦੀਵਾਰਾਂ ਦੇ ਨਾਲ ਸਕਰਟਿੰਗ 4" ਤੱਕ ਜਰੂਰ ਲਗਵਾਈ ਜਾਵੇ।

**3) ਪੁਰਾਣੇ ਫਰਨੀਚਰ ਦੀ ਰਿਪੇਅਰ :-**

ਕਾਲਜ ਵਿੱਚ ਉਪਲਬੱਧ ਫਰਨੀਚਰ ਜਿਵੇਂ ਕਿ ਵਿਦਿਆਰਥੀਆਂ ਦੇ ਬੈਠਣ ਵਾਲੇ ਡੈਸਕ, ਕੁਰਸੀਆਂ, ਮੇਜ, ਲੈਕਚਰ ਸਟੈਂਡ, ਅਲਮਾਰੀਆਂ, ਰੈਕਜ, ਸਟੂਲਜ, ਸੋਫੇ ਆਦਿ ਦੀ ਰਿਪੇਅਰ ਕਰਵਾਈ ਜਾਵੇ ਅਤੇ ਜਿਨ੍ਹਾਂ ਆਈਟਮਾਂ ਨੂੰ ਪੇਂਟ ਹੋਣ ਵਾਲਾ ਹੈ, ਉਨ੍ਹਾਂ ਨੂੰ ਰਿਪੇਅਰ ਕਰਵਾ ਕੇ ਪੇਂਟ ਕਰਵਾਇਆ ਜਾਵੇ।

**4) Toilets ਦੀ ਰਿਪੇਅਰ :-**

1) ਲੜਕਿਆਂ ਅਤੇ ਲੜਕੀਆਂ ਦੇ toilets ਅਤੇ ਸਟਾਫ ਦੇ toilets ਵਿੱਚ ਹੋਣ ਵਾਲੇ ਵੱਖ ਵੱਖ ਕੰਮ ਜਿਵੇਂ ਕਿ septic Tank ਨੂੰ ਬਨਾਉਣ ਅਤੇ ਸਾਫ ਸਫਾਈ, toilets ਦੀ ਫਲੋਰਿੰਗ ਅਤੇ ਦੀਵਾਰਾਂ ਤੇ ਟਾਇਲਾਂ ਲਗਾਉਣੀਆਂ, drainage system ਅਤੇ washbasins, ਟੂਟੀਆਂ , ਸੀਟ ਆਦਿ ਦੀ ਮੁਰੰਮਤ 30,000 ਪ੍ਰਤੀ toilet ਵਿੱਚ ਕਰਵਾਉਣੀ ਯਕੀਨੀ ਬਣਾਈ ਜਾਵੇ। Toilets ਵਿੱਚ ਬਿਜਲੀ ਅਤੇ ਹਵਾ ਦਾ ਪੁਖਤਾ ਪ੍ਰਬੰਧ ਹੋਵੇ

2) ਇਹ ਸੁਨਿਸ਼ਚਿਤ ਕੀਤਾ ਜਾਵੇ ਕਿ ਕਾਲਜ ਵਿੱਚ ਉਪਲਬੱਧ toilets ਹਰ ਪੱਖੋਂ functional ਅਤੇ ਸਾਫ ਸੁਥਰੇ ਹੋਣ।

**5) ਪੀਣ ਵਾਲੇ ਪਾਣੀ ਦੀ ਸੁਵਿਧਾ**

ਹਰ ਬਲਾਕ ਵਿੱਚ ਪੀਣ ਵਾਲੇ ਪਾਣੀ ਦੀ ਸੁਵਿਧਾ ਹੋਵੇ ਜਿਸ ਲਈ ਵਾਟਰ ਪਾਈਪਜ, ਵਾਟਰ ਟੈਂਕ ਅਤੇ ਟੂਟੀਆਂ ਆਦਿ ਚਲਦੀ ਹਾਲਤ ਵਿੱਚ ਹੋਣ। ਪੀਣ ਵਾਲੇ ਪਾਣੀ ਦੇ ਆਲੇ ਦੁਆਲੇ ਟਾਇਲਾਂ ਲਗਾਈਆਂ ਜਾਣ ਅਤੇ ਪਾਣੀ ਦੇ ਨਿਕਾਸੀ ਦਾ ਪੁਖਤਾ ਪ੍ਰਬੰਧ ਕੀਤਾ ਜਾਵੇ। ਇਸ ਕੰਮ ਲਈ 35,000 ਰੁਪਏ ਪ੍ਰਤੀ ਯੂਨਿਟ ਖਰਚਾ ਕੀਤਾ ਜਾਵੇ।

6) **ਕਲਾਸਰੂਮਜ ਅਤੇ ਲੈਬਜ ਵਿੱਚ ਗਰੀਨ ਬੋਰਡ ਅਤੇ ਵਾਈਟ ਬੋਰਡ ਲਗਾਉ**

ਕਲਾਸਰੂਮਜ ਅਤੇ ਲੈਬਜ ਵਿੱਚ ਗਰੀਨ ਬੋਰਡ ਅਤੇ ਵਾਈਟ ਬੋਰਡ ਲਗਵਾਏ ਜਾਣ। ਜਿਨ੍ਹਾਂ ਦੀਆਂ ਸਪੈਸੀਫੀਕੇਸ਼ਨਜ ਹੇਠ ਲਿਖੇ ਅਨੁਸਾਰ ਹਨ:-

1) **ਵਾਈਟ ਬੋਰਡ - 6700 ਰੁਪਏ**

| Specification | Specification Name | Values |
|---|---|---|
| Performance Parameters | | |
| | **Material of Board** | Ceramic Steel, Ceramic Steel with Engraving / Porcelain Enamel Steel with engraving |
| | **Material of Frame** | Anodized extruded Aluminum alloy hollow section of designation 63400 conforming to IS: 1285 |
| | **Material of Back Cover** | Galvanized steel sheets conforming to IS:277 |
| | **Thickness and Material of back support (conforming to IS:12406)** | More than 9.0 Or higher |
| | **Top surface coating thickness of sheet in mm** | 0.11 |
| | **% Gloss at 60 deg.head (min.)** | 60% for white colour only |
| | **Surface suitable for writing with** | Dry marker ink for white board only |
| | **Back surface coating thickness of sheet (min)** | More than 0.03 Or higher |
| | **Thickness and material of top steel sheet Having Viterious Enamelled coating on both side** | More than 0.3 Or higher |
| | **Excellent Erasability without leaving impression** | Yes |
| | **Warranty in years** | 3 |
| Dimensional parameters | **Dimensions of the Board in feet (width x height )** | 6 x 4 |
| | **Dimensions of Boards in mm x mm (width x height )** | 1200 x 1200 |
| | **Wall thickness of Anodized Aluminium Frame (Min) in mm** | 1.2 |
| | **Colour of Board** | White |
| | **Frame Width in mm** | 20.0 |

## ਗਰੀਨ ਬੋਰਡ - 6700 ਰੁਪਏ

| Specification | Specification Name | Values |
|---|---|---|
| Performance Parameters | | |
| | **Material of Board** | Ceramic Steel, Ceramic Steel with Engraving / Porcelain Enamel Steel with engraving |
| | **Material of Frame** | Anodized extruded Aluminium alloy hollow section of designation 63400 conforming to IS: 1285 |
| | **Material of Back Cover** | Galvanized steel sheets conforming to IS:277 |
| | **Thickness and Material of back support (conforming to IS:12406)** | More than 9.0 Or higher |
| | **Top surface coating thickness of sheet in mm** | 0.11 |
| | **% Gloss at 60 deg.head (min.)** | 2% green, blue, black colours |
| | **Surface suitable for writing with** | chalk for colour & black board |
| | **Back surface coating thickness of sheet (min)** | More than 0.03 Or higher |
| | **Thickness and material of top steel sheet Having Viterious Enamelled coating on both side** | More than 0.3 Or higher |
| | **Excellent Erasability without leaving impression** | Yes |
| | **Warranty in years** | 3 |
| Dimensional parameters | **Dimensions of the Board in feet (width x height )** | 6 x 4 |
| | **Dimensions of Boards in mm x mm (width x height )** | 1200 x 1200 |
| | **Wall thickness of Anodized Aluminum Frame (Min) in mm** | 1.2 |
| | **Color of Board** | Green |
| | **Frame Width in mm** | 20.0 |

6.0 ਉਕਤ ਸਾਰੇ ਕੰਮ ਕਾਲਜ ਮੈਨੇਜਮੈਂਟ ਕਮੇਟੀ ਦਾ ਮਤਾ ਪਾਕੇ ਉਨ੍ਹਾਂ ਦੀ ਦੇਖ ਰੇਖ ਵਿੱਚ ਕਰਵਾਏ ਜਾਣ।

7.0 ਹੋਣ ਵਾਲੇ ਕੰਮਾਂ ਦੀਆਂ ਕੁਟੇਸ਼ਨਾਂ ਲਈਆਂ ਜਾਣ ਅਤੇ ਖਰੀਦੇ ਗਏ ਸਮਾਨ ਦਾ ਸਟਾਕ ਰਜਿਸਟ ਵਿੱਚ ਇੰਦਰਾਜ ਕਰਨਾ ਯਕੀਨੀ ਬਣਾਇਆ ਜਾਵੇ।

8.0 ਉਕਤ ਸਾਰੇ ਕਰਵਾਏ ਜਾਣ ਵਾਲੇ ਕੰਮਾਂ ਪ੍ਰਤੀ ਕੁਆਲਿਟੀ ਦੀ ਨਿਰੋਲ ਜਿੰਮੇਵਾਰੀ ਕਾਲਜ ਮੈਨੇਜਮੈਂਟ ਕਮੇਟੀ ਦੀ ਹੋਵੇਗੀ।

9.0 ਲੋੜ ਪੈਣ ਤੇ ਆਪਣੇ ਜਿਲ੍ਹੇ ਦੇ ਡੀ ਐਸ ਐਮ (ਸਮਾਰਟ ਸਕੂਲਜ), ਸਟੇਟ ਕੋਰ ਕਮੇਟੀ (ਸਮਾਰਟ ਸਕੂਲਜ) ਅਤੇ ਸਕੂਲ ਸਿੱਖਿਆ ਵਿਭਾਗ ਵਿੱਚ ਕੰਮ ਕਰਦੇ JEs ਨਾਲ ਸੰਪਰਕ ਕੀਤਾ ਜਾਵੇ। ਜਿਨ੍ਹਾਂ ਦੇ ਨਾਮਾਂ ਅਤੇ ਟੈਲੀਫੋਨ ਨੰਬਰਾਂ ਦੀ ਸੂਚਨਾ ਪੱਤਰ ਨਾਲ ਨੱਥੀ ਕੀਤੀ ਜਾਂਦੀ ਹੈ।

10.0 ਉਕਤ ਕੰਮਾਂ ਨੂੰ ਮਿਤੀ 31-01-2022 ਤੱਕ ਮੁਕੰਮਲ ਕਰਵਾਉਣੇ ਯਕੀਨੀ ਬਣਾਏ ਜਾਣ ਅਤੇ ਕਰਵਾਏ ਗਏ ਕੰਮਾਂ ਦੀ ਕੰਪਾਈਲ ਰਿਪੋਰਟ ਦਫਤਰ ਦੀ ਈਮੇਲ ਆਈਡੀ prodirrusa@gmail.com ਤੇ ਭੇਜਣੀ ਯਕੀਨੀ ਬਣਾਈ ਜਾਵੇ। ਇਨ੍ਹਾਂ ਕੰਮਾਂ ਦੀ ਪ੍ਰਗਤੀ ਰਿਪੋਰਟ ਹਫਤਾਵਾਰ ਮੀਟਿੰਗ ਵਿੱਚ ਵੀ ਵਿਚਾਰੀ ਜਾਵੇਗੀ।

**ਸਕੱਤਰ, ਉਚੇਰੀ ਸਿੱਖਿਆ, ਪੰਜਾਬ**

**ਪਿੱਠ ਅੰਕਣ ਨੰ:** 8/5-2021/RUSA/04 **ਮਿਤੀ: ਮੋਹਾਲੀ** 04-01-2022

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਅਗਲੇਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1) ਡਾਇਰੈਕਟਰ, ਜਨਰਲ ਸਕੂਲ ਸਿੱਖਿਆ ਵਿਭਾਗ
2) ਡੀ ਪੀ ਆਈ (ਕਾਲਜਾਂ)
3) ਸਟੇਟ ਕੋਰ ਕਮੇਟੀ (ਸਮਾਰਟ ਸਕੂਲਜ)
4) ਜਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ ਅਤੇ ਐਲੀਮੈਂਟਰੀ ਸਿੱਖਿਆ)
5) ਡੀ ਐਸ ਐਮ (ਸਮਾਰਟ ਸਕੂਲਜ, ਸਕੂਲ ਸਿੱਖਿਆ ਵਿਭਾਗ)
6) ਜੂਨੀਅਰ ਇੰਜੀਨੀਅਰ, ਸਕੂਲ ਸਿੱਖਿਆ ਵਿਭਾਗ

**ਸਕੱਤਰ, ਉਚੇਰੀ ਸਿੱਖਿਆ, ਪੰਜਾਬ**